## ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ ਸਕੂਲ,

ਨੰਬਰ: ਪਸਸਬ-ਐਫੀ: 2012/5533-859|ਮਿਤੀ: 16-5-2012

**ਵਿਸ਼ਾ: ਸੀ.ਡਬਲਿਊ.ਪੀ.ਨੰਬਰ: 20545 ਆਫ 2009 ਅਤੇ ਸੀ.ਡਬਲਿਯੂ. ਪੀ.ਨੰਬਰ: 3834 ਆਫ 2010 ਵਿੱਚ ਜਾਰੀ ਕੀਤੇ ਗਏ ਅੰਤਰਿਮ ਹੁਕਮਾਂ ਦੀ ਤੁਰੰਤ ਪਾਲਣਾ ਕਰਨ ਸਬੰਧੀ।**

ਉਪਰੋਕਤ ਕੋਰਟ ਕੇਸਾਂ ਵਿੱਚ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਉਹਨਾਂ ਵਿਚੋਂ ਕੁਝ ਕੁ ਹਦਾਇਤਾਂ ਦਾ ਵੇਰਵਾ ਹੇਠ ਅਨੁਸਾਰ ਹੈ:-

1. Whether the schools affiliated to them have followed the mandatory requirement of the Right to Education Act,2010, i,e. giving admission to 25% students of weaker section of the society and have supplied books and dresses as per the requirement.

ਆਪ ਦੀ ਸੰਸਥਾ ਵੱਲੋਂ ਉਪਰੋਕਤ ਐਕਟ ਅਧੀਨ ਜਾਰੀ ਕੀਤੀਆਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਸਬੰਧੀ ਨਿਮਨਹਸਤਾਖਰੀ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਵੈ-ਸੱਪਸ਼ਟ ਜਵਾਬ ਭੇਜਿਆ ਜਾਵੇ। ਇਸ ਤੋਂ ਇਲਾਵਾ ਮਾਨਯੋਗ ਹਾਈਕੋਰਟ ਦੇ ਬਾਕੀ ਅੰਤਿਰਮ ਹੁਕਮਾਂ ਅਨੁਸਾਰ, ਬੋਰਡ ਦੀ ਪੂਰਵ ਪ੍ਵਾਨਗੀ ਤੋਂ ਬਿਨਾਂ, ਫਿਲਹਾਲ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਵਿੱਚ ਕਿਸੇ ਵੀ ਪ੍ਰਕਾਰ ਦਾ ਵਾਧਾ ਨਾ ਕੀਤਾ ਜਾਵੇ। ਨਿਰਧਾਰਤ ਸਮੇਂ ਅੰਦਰ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ ਜਿਸਦੀ ਸਾਰੀ ਜਿੰਮੇਂਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇਸ ਨੂੰ ਪਰਮ-ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ ਸਕੂਲ,

ਨੰਬਰ: ਪਸਸਬ-ਐਫੀ: 2012/ 5533-859 ਮਿਤੀ: 16-5-2012

**ਵਿਸ਼ਾ:** **ਸੀ.ਡਬਲਿਊ.ਪੀ.ਨੰਬਰ: 20545 ਆਫ 2009 ਅਤੇ ਸੀ.ਡਬਲਿਯੂ. ਪੀ.ਨੰਬਰ: 3834 ਆਫ 2010 ਵਿੱਚ ਜਾਰੀ ਕੀਤੇ ਗਏ ਅੰਤਰਿਮ ਹੁਕਮਾਂ ਦੀ ਤੁਰੰਤ ਪਾਲਣਾ ਕਰਨ ਸਬੰਧੀ।**

ਉਪਰੋਕਤ ਕੋਰਟ ਕੇਸਾਂ ਵਿੱਚ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਉਹਨਾਂ ਵਿਚੋਂ ਕੁਝ ਕੁ ਹਦਾਇਤਾਂ ਦਾ ਵੇਰਵਾ ਹੇਠ ਅਨੁਸਾਰ ਹੈ:-

1. Whether the schools affiliated to them have followed the mandatory requirement of the Right to Education Act,2010, i,e. giving admission to 25% students of weaker section of the society and have supplied books and dresses as per the requirement.

ਆਪ ਦੀ ਸੰਸਥਾ ਵੱਲੋਂ ਉਪਰੋਕਤ ਐਕਟ ਅਧੀਨ ਜਾਰੀ ਕੀਤੀਆਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਸਬੰਧੀ ਨਿਮਨਹਸਤਾਖਰੀ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਵੈ-ਸੱਪਸ਼ਟ ਜਵਾਬ ਭੇਜਿਆ ਜਾਵੇ। ਇਸ ਤੋਂ ਇਲਾਵਾ ਮਾਨਯੋਗ ਹਾਈਕੋਰਟ ਦੇ ਬਾਕੀ ਅੰਤਿਰਮ ਹੁਕਮਾਂ ਅਨੁਸਾਰ, ਬੋਰਡ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ, ਫਿਲਹਾਲ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਵਿੱਚ ਕਿਸੇ ਵੀ ਪ੍ਰਕਾਰ ਦਾ ਵਾਧਾ ਨਾ ਕੀਤਾ ਜਾਵੇ। ਨਿਰਧਾਰਤ ਸਮੇਂ ਅੰਦਰ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ ਜਿਸਦੀ ਸਾਰੀ ਜਿੰਮੇਂਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇਸ ਨੂੰ ਪਰਮ-ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਅੰਤਿਮ ਯਾਦ ਪੱਤਰ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ ਸਕੂਲ,

ਨੰਬਰ: ਪਸਸਬ-ਐਫੀ: 2012/12086-15144 ਮਿਤੀ: 12-07-2012

ਵਿਸ਼ਾ: ਸੀ.ਡਬਲਿਊ.ਪੀ.ਨੰਬਰ: 20545 ਆਫ 2009 ਅਤੇ ਸੀ.ਡਬਲਿਯੂ. ਪੀ.ਨੰਬਰ: 3834 ਆਫ 2010 ਵਿੱਚ ਜਾਰੀ ਕੀਤੇ ਗਏ ਅੰਤਰਿਮ ਹੁਕਮਾਂ ਦੀ ਤੁਰੰਤ ਪਾਲਣਾ ਕਰਨ ਸਬੰਧੀ।

ਹਵਾਲਾ: ਪੱਤਰ ਨੰ: ਪਸਸਬ-ਐਫੀ:2012/5533-8591 ਮਿਤੀ:16-05-2012

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲੇ ਅਧੀਨ ਪੱਤਰ ਰਾਹੀਂ ਆਪ ਦੀ ਸੰਸਥਾ ਤੋਂ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀਆਂ ਹਦਾਇਤਾਂ ਨੂੰ ਲਾਗੂ ਕਰਨ ਸਬੰਧੀ ਜਾਣਕਾਰੀ ਮੰਗੀ ਗਈ ਸੀ ਕਿ ਰਾਈਟ ਟੂ ਐਜੂਕੇਸ਼ਨ ਐਕਟ ਅਧੀਨ 25% ਆਰਥਿਕ ਤੌਰ ਤੇ ਪੱਛੜੇ ਵਰਗ ਦੇ ਬੱਚਿਆਂ ਦੀ ਫੀਸ ਮੁਆਫ ਕਰਨ ਅਤੇ ਉਹਨਾਂ ਨੂੰ ਕਿਤਾਬਾਂ ਅਤੇ ਵਰਦੀਆਂ ਪ੍ਰਦਾਨ ਕਰਨ ਸਬੰਧੀ ਸੂਚਨਾ ਭੇਜੀ ਜਾਵੇ ਪ੍ਰੰਤੂ ਆਪ ਦੀ ਸੰਸਥਾ ਸਬੰਧੀ ਅਜੇ ਤੱਕ ਵੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਜਾਂ ਸੰਸਥਾ ਵੱਲੋਂ ਭੇਜੀ ਗਈ ਸੂਚਨਾਂ ਮਾਨਯੋਗ ਹਾਈਕੋਰਟ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕਰਦੀ। ਇਸ ਸਬੰਧੀ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਨਿਰਦੇਸ਼ ਜਾਰੀ ਕੀਤੇ ਹਨ ਕਿ ਜਿਨ੍ਹਾਂ ਸੰਸਥਾਵਾਂ ਵੱਲੋਂ ਸ਼ਰਤਾਂ ਦੀ ਪਾਲਣਾ ਮੁਕੰਮਲ ਤੌਰ ਤੇ ਨਹੀਂ ਕੀਤੀ ਜਾਂਦੀ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਐਫੀਲੀਏਸ਼ਨ ਵਿਨਿਯਮਾਂ ਅਧੀਨ ਸਬੰਧਤ ਸੰਸਥਾ ਦੀ ਐਫੀਲੀਏਸ਼ਨ ਰੱਦ ਕਰ ਸਕਦਾ ਹੈ। ਇਸ ਲਈ ਹਵਾਲਾ ਅਧੀਨ ਪੱਤਰ ਰਾਹੀਂ ਮੰਗੀ ਗਈ ਸੂਚਨਾ ਹਰ ਹਾਲਤ ਵਿੱਚ ਮਿਤੀ: 20-7-2012 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਉਪਰੋਕਤ ਸਬੰਧੀ ਸਹੀ ਸੂਚਨਾ ਮਿੱਥੀ ਮਿਤੀ ਤੱਕ ਨਿਮਨਹਸਤਾਖਰੀ ਨੂੰ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸੰਸਥਾ ਨੂੰ ਕੋਈ ਹੋਰ ਮੌਕਾ ਦਿੱਤੇ ਬਿਨ੍ਹਾਂ ਪ੍ਰਦਾਨ ਕੀਤੀ ਗਈ ਐਫੀਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ ਜਿਸਦੀ ਸਾਰੀ ਜਿੰਮੇਵਾਰੀ ਤੁਹਾਡੀ ਸੰਸਥਾ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ